# ਅਮਰੀਕਾ ਵਿਚ ਲੋਕਾਂ ਦੀ ਹੋਂਦ ਦੇ ਹੱਕ ਉਤੇ ਹਮਲੇ

ਪੰਜ ਅਗਸਤ ਨੂੰ ਵਿਸਕਾਨਸਨ ਦੇ ਇਕ ਛੋਟੇ ਜਿਹੇ ਕਸਬੇ ਵਿਚ ਇਕ ਨਸਲਵਾਦੀ ਹਮਲਾਵਰ ਗੋਰੇ ਨੇ ਇਕ ਗੁਰਦਵਾਰੇ ਵਿਚ ਗੋਲੀਆਂ ਨਾਲ ਛੇ ਬੰਦਿਆਂ ਨੂੰ ਕਤਲ ਦਿਤਾ ਅਤੇ ਇਕ ਪੁਲੀਸ ਅਫਸਰ ਸਮੇਤ ਕਈ ਹੋਰ ਲੋਕਾਂ ਨੂੰ ਫੱਟੜ ਕਰ ਦਿਤਾ। ਦੱਸਿਆ ਜਾਂਦਾ ਹੈ ਕਿ ਇਸ ਹਮਲਾਵਰ ਨੂੰ ਪੁਲੀਸ ਨੇ ਗੋਲੀ ਨਾਲ ਮਾਰ ਦਿਤਾ। ਇਸ ਹਮਲਾਵਰ ਦਾ ਨਾਮ ਮਾਈਕਲ ਪੇਜ ਸੀ। ਉਹ ਅਮਰੀਕਨ ਫੌਜ ਵਿਚ ਰਹਿ ਚੁਕਾ ਸੀ ਅਤੇ ਨਸਲਵਾਦੀ ਜਥੇਬੰਦੀਆਂ ਦਾ ਮੈਂਬਰ ਜਾਂ ਹਮਦਰਦ ਸੀ।

ਛੇ ਅਗਸਤ ਨੂੰ ਜੌਪਲੀਨ ਮਿਜ਼ੂਰੀ ਵਿਚ ਤੜਕਸਾਰ ਇਕ ਮਸੀਤ ਨੂੰ ਅੱਗ ਨਾਲ ਸਾੜ ਦਿਤਾ ਗਿਆ। ਇਹ ਇਸ ਮਸੀਤ ਤੇ ਦੂਸਰਾ ਹਮਲਾ ਸੀ। ਕੁਝ ਅਰਸਾ ਪਹਿਲਾਂ ਇਸੇ ਮਸੀਤ ਨੂੰ ਅੱਗ ਲਾਈ ਗਈ ਸੀ ਪਰ ਲੋਕਾਂ ਨੇ ਇਕੱਠੇ ਹੋ ਕੇ ਬੁਝਾ ਦਿਤੀ ਸੀ। ਅੱਗ ਲਾਉਣ ਵਾਲ ਫੜਿਆ ਨਹੀਂ ਗਿਆ ਸੀ।

ਅਮਰੀਕਾ ਵਿਚ ਹਰ ਧਰਮ ਅਤੇ ਨਸਲ ਦੇ ਲੋਕਾਂ ਨੇ ਇਕੱਠੇ ਹੋ ਕੇ ਇਨ੍ਹਾਂ ਹਮਲਿਆਂ ਦੀ ਨਿਖੇਧੀ ਕੀਤੀ ਹੈ। ਪਿਛਲੇ ਕੁਝ ਸਾਲਾਂ ਤੋਂ ਅਮਰੀਕਾ ਵਿਚ ਆਮ ਲੋਕਾਂ ਦੇ ਵਜੂਦ ਅਤੇ ਹੋਂਦ ਦੇ ਹੱਕ ਉੱਤੇ ਬਹੁਤ ਹਮਲੇ ਹੋ ਰਹੇ ਹਨ। ਇਹ ਹਮਲੇ ਲੋਕਾਂ ਦੀ ਜ਼ਾਤੀ ਅਤੇ ਸਮੂਹਕ ਹੋਂਦ ਉੱਤੇ ਹਮਲੇ ਹਨ। ਇਹ ਹਮਲੇ ਕਈ ਸ਼ਕਲਾਂ ਵਿਚ ਹੋ ਰਹੇ ਹਨ। ਇਕ ਸ਼ਕਲ ਲੋਕਾਂ ਦੇ ਘਰ ਕੁਰਕ ਕਰਨ ਦੀ ਹੈ, ਇਕ ਸ਼ਕਲ  ਇਮੀਗਰੈਂਟਾਂ ਉੱਤੇ ਹਮਲੇ ਕਰਨ ਦੀ ਹੈ, ਇਕ ਸ਼ਕਲ ਲੋਕਾਂ ਨੂੰ ਵੋਟਾਂ ਪਾਉਣ ਤੋਂ ਰੋਕਣ ਦੀ ਹੈ, ਐਫ.ਬੀ.ਆਈ ਵਲੋਂ ਨੌਜਵਾਨਾਂ ਨੂੰ ਫਸਾਉਣਾ ਵੀ ਇਸੇ ਹਮਲੇ ਦਾ ਹਿੱਸਾ ਹੈ। ਸਿਹਤ, ਤਾਲੀਮ ਅਤੇ ਹੋਰ ਸਮਾਜੀ ਲੋੜਾਂ ਤੇ ਖਰਚ ਵਿਚ ਕਟੌਤੀ ਵੀ ਇਸੇ ਹਮਲੇ ਦਾ ਹੀ ਇਕ ਰੂਪ ਹਨ। ਹਰੇਕ ਸ਼ਹਿਰੀ ਅਤੇ ਬੰਦੇ ਦੀ ਹੋਂਦ ਅਤੇ ਵਜੂਦ ਦੇ ਹੱਕ ਤੇ ਹਰ ਪਾਸਿਉਂ ਹਮਲੇ ਹੋ ਰਹੇ ਹਨ। ਇਹ ਹਾਲਾਤ ਹਰ ਔਰਤ, ਮਰਦ, ਅਤੇ ਸਮੂਹ ਲਈ ਸੰਕਟ ਪੈਦਾ ਕਰ ਰਹੇ ਹਨ। ਹਰ ਪਾਸੇ ਆਪੋ ਧਾਪੀ ਅਤੇ ਮਾਰੋ ਮਾਰ ਦੀ ਅੱਗ ਨੂੰ ਭੜਕਾਇਆ ਜਾ ਰਿਹਾ ਹੈ। ਸਰਕਾਰੀ ਅਤੇ ਗੈਰ-ਸਰਕਾਰੀ ਮੀਡੀਆ ਲੋਕਾਂ ਖ਼ਿਲਾਫ਼ ਕਿਸੇ ਨਾ ਕਿਸੇ ਬਹਾਨੇ ਫਾਹਸ਼ ਪ੍ਰਚਾਰ ਕਰਕੇ ਲੋਕਾਂ ਨੂੰ ਇਕ ਦੂਜੇ ਖ਼ਿਲਾਫ਼ ਉਕਸਾਉਂਦੇ ਰਹਿੰਦੇ ਹਨ।

ਵਿਸਕਾਨਸਨ ਦੇ ਗੁਰਦਵਾਰੇ ਚ ਸਿੱਖਾਂ ਦੇ ਕਤਲ ਅਤੇ ਜੌਪਲੀਨ ਵਿਚ ਮੁਸਲਮਾਨਾਂ ਦੀ ਮਸੀਤ ਨੂੰ ਅੱਗ, ਲੋਕਾਂ ਦੀ ਹੋਂਦ ਅਤੇ ਵਜੂਦ ਦੇ ਹੱਕ ਉੱਤੇ ਹਮਲੇ ਦਾ ਹੀ ਇਕ ਹਿੱਸਾ ਹਨ। ਹਰੇਕ ਇਨਸਾਨ ਅਤੇ ਸਮੂਹ ਦੀ ਪੱਗ ਨੂੰ ਕਿਸੇ ਨਾ ਕਿਸੇ ਬਹਾਨੇ ਹੱਥ ਪਾਇਆ ਜਾ ਰਿਹਾ ਹੈ। ਡਰ, ਸਹਿਮ ਅਤੇ ਸ਼ੱਕ ਦਾ ਬਾਜ਼ਾਰ ਗਰਮ ਕਰਕੇ ਕਦੇ ਇਸ ਸਮੂਹ ਨੂੰ ਤੇ ਕਦੇ ਉਸ ਸਮੂਹ ਨੂੰ ਹਮਲੇ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ।

ਆਪਣੀ ਹੋਂਦ ਅਤੇ ਵਜੂਦ ਦੇ ਹੱਕ ਦੀ ਰਾਖੀ ਲਈ ਲੋਕ ਇਸ ਹਮਲੇ ਖ਼ਿਲਾਫ਼ ਸ਼ਹਿਰਾਂ, ਕਸਬਿਆਂ ਅਤੇ ਬਸਤੀਆਂ ਵਿਚ ਘੋਲ ਚਲਾ ਰਹੇ ਹਨ। ਉਹ ਲੋਕਾਂ ਖ਼ਿਲਾਫ਼ ਹਮਲਿਆਂ ਵਿਰੁਧ ਲਾਮਬੰਦ ਹੋ ਰਹੇ ਹਨ। ਇਕ ਫ਼ੀ ਸਦੀ ਜ਼ੋਰਾਵਰਾਂ ਦੇ ਹਾਕਮ ਤਬਕੇ ਨੇ ਨੜਿੰਨਵੇਂ ਫੀ ਸਦੀ ਆਮ ਲੋਕਾਂ ਲਈ ਇਹੋ ਜਿਹੇ ਹਾਲਾਤ ਪੈਦਾ ਕਰ ਦਿਤੇ ਹਨ ਜਿਸ ਵਿਚ ਕਿਸੇ ਦੇ ਵੀ ਹੱਕ ਦੀ ਕੋਈ ਜ਼ਾਮਨੀ ਨਹੀਂ। ਸਿੱਖ, ਮੁਸਲਮਾਨ ਅਤੇ ਹੋਰਨਾਂ ਧਰਮਾਂ ਅਤੇ ਨਸਲਾਂ ਦੇ ਲੋਕ 99% ਦਾ ਹੀ ਅਟੁੱਟ ਅੰਗ ਹਨ ਅਤੇ ਉਨ੍ਹਾਂ ਦੀ ਹੋਂਦ ਅਤੇ ਵਜੂਦ ਦਾ ਹੱਕ ਸਾਰਿਆਂ ਦੇ ਹੱਕਾਂ ਦੇ ਘੋਲ ਨਾਲ ਹੀ ਸਲਾਮਤ ਰਹਿ ਸਕਦਾ ਹੈ। 99% ਨਾਲ ਇਕ ਮੁੱਠ ਹੋ ਕੇ ਹੱਕਾਂ ਦੇ ਘੋਲ ਵਿਚ ਸ਼ਾਮਲ ਹੋ ਕੇ ਹੀ ਉਨ੍ਹਾਂ ਦੇ ਵਜੂਦ ਅਤੇ ਹੋਂਦ ਦੇ ਹੱਕ ਦੀ ਹਿਫ਼ਾਜ਼ਤ ਹੋ ਸਕਦੀ ਹੈ।